# 'ਗਰਲ ਗਾਈਡਜ਼ ਵਿਕਟੋਰੀਆ' (GIRL GUIDES VICTORIA)

## ਵਿੱਚ ਤੁਹਾਡਾ ਸਵਾਗਤ ਹੈ

110 ਸਾਲ ਤੋਂ ਵੀ ਵੱਧ ਸਮੇਂ ਤੋਂ, 'ਗਰਲ ਗਾਈਡਜ਼ ਵਿਕਟੋਰੀਆ' ਕੁੜੀਆਂ ਅਤੇ ਔਰਤਾਂ ਨੂੰ ਆਪਣੇ ਹੁਨਰਾਂ ਨੂੰ ਵਿਕਸਤ ਕਰਨ, ਆਪਣੀ ਸਮਰੱਥਾ ਨੂੰ ਖੋਜਣ ਅਤੇ ਆਗੂ ਬਣਨ ਲਈ ਸਮਰਥਨ ਕਰ ਰਿਹਾ ਹੈ। 'ਗਰਲ ਗਾਈਡਜ਼ ਆਸਟ੍ਰੇਲੀਆ' ਅਤੇ ਵਿਸ਼ਵ ਪੱਧਰੀ ਮੁਹਿੰਮ ਦਾ ਹਿੱਸਾ ਹੋਣ ਦੇ ਨਾਤੇ, ਅਸੀਂ 150 ਦੇਸ਼ਾਂ ਵਿੱਚ 10 ਮਿਲੀਅਨ ਤੋਂ ਵੀ ਵੱਧ ਕੁੜੀਆਂ ਦੇ ਨਾਲ ਜੁੜੇ ਹੋਏ ਹਾਂ, ਜੋ ਸਾਡੇ ਪ੍ਰੋਗਰਾਮਾਂ ਨੂੰ ਸੰਪੰਨ ਬਣਾਉਂਦੀਆਂ ਹਨ ਅਤੇ ਅਜਿਹੇ ਅਨੁਭਵਾਂ ਨੂੰ ਸਾਂਝਾ ਕਰਦੀਆਂ ਹਨ ਜੋ ਜਜ਼ਬੇ ਅਤੇ ਉਦੇਸ਼ ਨੂੰ ਜਗਾਉਂਦੇ ਹਨ।

### 'ਗਰਲ ਗਾਈਡਜ਼' ਕੀ ਕਰਦੀਆਂ ਹਨ?

ਸਾਡੇ ਪ੍ਰੋਗਰਾਮ ਕੁੜੀਆਂ ਨੂੰ ਆਪਣੀ ਜ਼ਿੰਦਗੀ ਦੀ ਬਾਗਡੋਰ ਸੰਭਾਲਣ, ਆਗੂ ਬਣਨ ਦੇ ਹੁਨਰ ਵਿਕਸਤ ਕਰਨ ਅਤੇ ਆਪਣੇ ਭਾਈਚਾਰਿਆਂ ਨਾਲ ਜੁੜਨ ਲਈ ਸ਼ਕਤੀ ਪ੍ਰਦਾਨ ਕਰਦੇ ਹਨ। ਸਾਡੇ ਸਹਾਇਕ ਮਾਹੌਲ ਵਿੱਚ, ਕੁੜੀਆਂ ਨੂੰ ਆਵਾਜ਼ ਉਠਾਉਣ, ਆਪਣੀਆਂ ਰੁਚੀਆਂ ਦੀ ਪੜਚੋਲ ਕਰਨ ਅਤੇ ਆਪਣੀਆਂ ਯੋਗਤਾਵਾਂ ਵਿੱਚ ਭਰੋਸਾ ਵਧਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਬਾਹਰੀ ਸੈਰ-ਸਪਾਟੇ ਅਤੇ ਮਨੋਰੰਜਕ STEM ਗਤੀਵਿਧੀਆਂ ਤੋਂ ਲੈ ਕੇ ਦੂਜਿਆਂ ਦੀ ਮੱਦਦ ਕਰਨ ਅਤੇ ਆਪਣੇ ਬਾਰੇ ਸਿੱਖਣ ਤੱਕ, ਗਾਈਡਜ਼ ਵਿੱਚ ਹਰ ਕਿਸੇ ਲਈ ਕੁੱਝ ਨਾ ਕੁੱਝ ਹੈ।

### 'ਗਰਲ ਗਾਈਡਜ਼' ਦੀ ਦੇਖਰੇਖ ਕੌਣ ਕਰਦਾ ਹੈ?

ਗਰਲ ਗਾਈਡ ਯੂਨਿਟਾਂ ਅਤੇ ਗਤੀਵਿਧੀਆਂ ਨੂੰ 'ਗਾਈਡ ਲੀਡਰਜ਼' ਨਾਮਕ ਵਲੰਟੀਅਰਾਂ ਦੀ ਇੱਕ ਟੀਮ ਦੁਆਰਾ ਚਲਾਇਆ ਜਾਂਦਾ ਹੈ। ਗਾਈਡ ਲੀਡਰ ਭਰੋਸੇਯੋਗ ਅਤੇ ਹੁਨਰਮੰਦ ਨੇਤਾ ਹੁੰਦੇ ਹਨ ਜੋ ਹਰੇਕ ਗਰਲ ਗਾਈਡ ਦਾ ਮਾਰਗਦਰਸ਼ਨ ਕਰਨ, ਚੁਣੌਤੀ ਦੇਣ ਅਤੇ ਸਮਰਥਨ ਕਰਨ ਲਈ ਆਪਣਾ ਸਮਾਂ ਦਿੰਦੇ ਹਨ।

### ਗਰਲ ਗਾਈਡਜ਼ ਕਦੋਂ ਮਿਲਦੀਆਂ ਹਨ?

ਸਕੂਲੀ ਟਰਮ ਦੌਰਾਨ ਗਰਲ ਗਾਈਡ ਯੂਨਿਟ ਹਫ਼ਤੇ ਵਿੱਚ ਇੱਕ ਵਾਰ, ਸਕੂਲ ਦੇ ਬਾਅਦ ਅਤੇ ਸ਼ਾਮ ਨੂੰ ਮਿਲਦੀਆਂ ਹਨ। ਗਾਈਡਜ਼ ਕੈਂਪਾਂ, ਸੈਰ-ਸਪਾਟਿਆਂ ਅਤੇ ਰੋਮਾਂਚਕ ਗਤੀਵਿਧੀਆਂ ਵਿੱਚ ਹਿੱਸਾ ਲੈਣਾ ਵੀ ਚੁਣ ਸਕਦੀਆਂ ਹਨ, ਨਾਲ ਹੀ ਸਕੂਲ ਦੀਆਂ ਛੁੱਟੀਆਂ ਦੇ ਪ੍ਰੋਗਰਾਮਾਂ ਵਿੱਚ, ਜੋ ਸਾਲ ਭਰ ਵੱਖ-ਵੱਖ ਥਾਵਾਂ 'ਤੇ ਮਨੋਰੰਜਨ ਅਤੇ ਰੋਮਾਂਚ ਪ੍ਰਦਾਨ ਕਰਦੇ ਹਨ।

### 'ਗਰਲ ਗਾਈਡਜ਼' ਕੀ ਪਹਿਨਦੀਆਂ ਹਨ?

ਗਾਈਡਾਂ ਨੂੰ ਗਰਲ ਗਾਈਡਜ਼ ਪੋਲੋ ਕਮੀਜ਼ ਅਤੇ ਨੇਵੀ ਰੰਗ ਦੀ ਪੈਂਟ ਪਹਿਨਣ ਦੀ ਲੋੜ ਹੁੰਦੀ ਹੈ, ਨਾਲ ਹੀ ਆਪਣੇ ਬੈਜ ਲਗਾਉਣ ਲਈ ਇੱਕ ਸੈਸ਼ ਵੀ ਪਹਿਨਣੀ ਪੈਂਦੀ ਹੈ। ਹੋਰ ਚੀਜ਼ਾਂ, ਜਿਵੇਂ ਕਿ ਹੁੱਡੀਆਂ, ਫਲੀਸ ਕੋਟੀਆਂ ਅਤੇ ਟੋਪੀਆਂ ਵੀ ਉਪਲਬਧ ਹਨ। ਮੈਂਬਰ ਆਪਣੀਆਂ ਪੋਲੋ ਕਮੀਜ਼ਾਂ ਦੇ ਨਾਲ-ਨਾਲ, ਸੱਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ ਅਤੇ ਵਿਹਾਰਕ ਚੀਜ਼ਾਂ, ਜਿਵੇਂ ਕਿ ਲੰਮੀ ਬਾਂਹਾਂ ਵਾਲੀਆਂ ਕਮੀਜ਼ਾਂ, ਲੰਬੀਆਂ ਪੈਂਟਾਂ ਅਤੇ ਸਿਰ 'ਤੇ ਸਕਾਰਫ਼ (ਦੁਪੱਟੇ) ਵੀ ਪਹਿਨ ਸਕਦੇ ਹਨ।

### 'ਗਰਲ ਗਾਈਡਜ਼' ਵਿੱਚ ਕੌਣ ਸ਼ਾਮਲ ਹੋ ਸਕਦਾ ਹੈ?

5 ਤੋਂ 17 ਸਾਲ ਦੀ ਉਮਰ ਦੀਆਂ ਕੁੜੀਆਂ 'ਗਰਲ ਗਾਈਡਜ਼' ਵਿੱਚ ਸ਼ਾਮਲ ਹੋ ਸਕਦੀਆਂ ਹਨ ਅਤੇ ਗਾਈਡ ਪ੍ਰੋਗਰਾਮ ਵਿੱਚ ਹਿੱਸਾ ਲੈ ਸਕਦੀਆਂ ਹਨ। ਹਰ ਸਥਾਨਕ ਯੂਨਿਟ ਵਿੱਚ ਵੱਖ-ਵੱਖ ਉਮਰ ਲਈ ਗਰੁੱਪ ਹੋ ਸਕਦੇ ਹਨ, ਇਸ ਲਈ ਆਪਣੀ ਸਥਾਨਕ ਯੂਨਿਟ ਨਾਲ ਸੰਪਰਕ ਕਰੋ ਕਿ ਉਹ ਕਿਹੜੀਆਂ ਉਮਰਾਂ ਨੂੰ ਸਵੀਕਾਰ ਕਰਦੇ ਹਨ।

### ਮੈਂ 'ਗਰਲ ਗਾਈਡਜ਼' ਵਿੱਚ ਕਿਵੇਂ ਸ਼ਾਮਲ ਹੋ ਸਕਦੀ ਹਾਂ?

ਤੁਹਾਡਾ ਬੱਚਾ ਇਸ ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਕਰਨ ਤੋਂ ਪਹਿਲਾਂ ਤਿੰਨ ਮੀਟਿੰਗਾਂ ਤੱਕ ਗਾਈਡਜ਼ ਨੂੰ ਅਜ਼ਮਾ ਕੇ ਦੇਖ ਸਕਦਾ ਹੈ। ਟ੍ਰਾਇਲ ਸ਼ੁਰੂ ਕਰਨ ਲਈ, ਇਸ ਵੈੱਬਸਾਈਟ ਦੀ ਵਰਤੋਂ ਕਰਕੇ ਆਪਣੇ ਸਭ ਤੋਂ ਨੇੜਲੇ ਗਾਈਡ ਯੂਨਿਟ ਨੂੰ ਲੱਭੋ ਅਤੇ ਟ੍ਰਾਇਲ ਲਈ ਬੇਨਤੀ ਕਰੋ। ਟ੍ਰਾਇਲ ਤੋਂ ਬਾਅਦ, ਮੈਂਬਰ ਪੋਰਟਲ ਵਿੱਚ ਰਜਿਸਟ੍ਰੇਸ਼ਨ ਫਾਰਮ ਭਰੋ ਅਤੇ ਭੁਗਤਾਨ ਕਰੋ ਤਾਂ ਜੋ ਗਰਲ ਗਾਈਡ ਬਣ ਸਕੋ ਅਤੇ ਮੌਜ-ਮਸਤੀ ਵਿੱਚ ਸ਼ਾਮਲ ਹੋ ਸਕੋ। ਹੋਰ ਜਾਣਕਾਰੀ ਲਈ ਇਸ QR ਕੋਡ ਨੂੰ ਸਕੈਨ ਕਰੋ ਜਾਂ www.guidesvic.org.au 'ਤੇ ਜਾਓ!